# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

14/C

## (ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਨਵੇਂ ਵਿਸ਼ੇ/ਕੋਰਸ/ਵਾਧੂ ਯੂਨਿਟ ਦੀ ਸਬੰਧਤਾ ਲੈਣ/ਸ਼ੁਰੂ ਕਰਨ ਹਿੱਤ ਫਾਰਮ)

1. **ਅਕਾਦਮਿਕ ਸੈਸ਼ਨ**
   (ਜਿਸ ਤੋਂ ਨਵੇਂ ਵਿਸ਼ੇ/ਕੋਰਸ/ਵਾਧੂ ਸੀਟਾਂ ਸ਼ੁਰੂ ਕਰਨੀਆਂ ਹਨ) :..............................................................................

2. **ਕਾਲਜ ਦਾ ਨਾਮ** : ..............................................................................

3. **ਨੈਕ ਵੱਲੋਂ ਜਾਰੀ ਮੌਜੂਦਾ ਐਕਰੀਡਿਏਸ਼ਨ ਗ੍ਰੇਡ** : ..............................................................................

4. **ਕਾਲਜ ਦਾ ਫੋਨ ਨੰਬਰ** : ..............................................................................

5. **ਕਾਲਜ ਦਾ ਈ-ਮੇਲ ਪਤਾ** : ..............................................................................

6. **ਕਾਲਜ ਵਿਖੇ ਨਿਯੁਕਤ ਪ੍ਰਿੰਸੀਪਲ ਅਤੇ ਪਹਿਲਾਂ ਚੱਲ ਰਹੇ ਸਾਰੇ ਕੋਰਸਾਂ ਲਈ ਨਿਯੁਕਤ ਟੀਚਿੰਗ ਸਟਾਫ ਸਬੰਧੀ ਵੇਰਵੇ ਸਹਿਤ ਸਮੁੱਚੀ ਅਤੇ ਸਪਸ਼ਟ ਜਾਣਕਾਰੀ (ਰੈਗੂਲਰ/ਐਡਹਾਕ/ਮੈਨੇਜਮੈਂਟ/ਕੰਟਰੈਕਟ ਪੱਧਰ ਸਬੰਧੀ) ਇਸ ਪੱਤਰ ਦੇ ਨਾਲ ਨੱਥੀ ਕੀਤੀ ਜਾਵੇ।**

| | | |
|---|---|---|
| 1. | ਕੋਰਸ/ਡਿਪਲੋਮੇ (ਸੀਟਾਂ ਸਮੇਤ) ਜੋ ਕਾਲਜ ਵਿਖੇ ਪਹਿਲਾਂ ਤੋਂ ਚੱਲ ਰਹੇ ਹਨ।<br>ਬੀ.ਏ ਕੋਰਸ ਸਬੰਧੀ ਵਿਸ਼ਿਆਂ ਅਤੇ ਸੀਟਾਂ ਸਮੇਤ ਵੇਰਵਾ ਦਿੱਤਾ ਜਾਵੇ। | |
| 2. | ਨਵੇਂ ਵਿਸ਼ੇ/ਕੋਰਸ/ਵਾਧੂ ਯੂਨਿਟ ਜੋ ਕਿ ਕਾਲਜ ਸ਼ੁਰੂ ਕਰਨਾ ਚਾਹੁੰਦਾ ਹੈ। | |
| 3. | ਕੀ ਕਾਲਜ ਵੱਲੋਂ ਨਵੇਂ ਮੰਗੇ ਗਏ ਵਿਸ਼ਿਆਂ/ਕੋਰਸਾਂ/ਵਾਧੂ ਸੀਟਾਂ ਲਈ ਲੋੜੀਂਦੇ ਅਧਿਆਪਕ ਯੂਨੀਵਰਸਿਟੀ ਸਿਲੈਕਸ਼ਨ ਕਮੇਟੀ ਰਾਹੀਂ ਪਹਿਲਾਂ ਰੱਖੇ ਹੋਏ ਹਨ? | |

7. **ਜਰੂਰੀ ਸ਼ਰਤਾਂ :**

i) ਜਿਸ ਸੈਸ਼ਨ ਤੋਂ ਨਵਾਂ ਵਿਸ਼ਾ/ਕੋਰਸ/ਵਾਧੂ ਯੂਨਿਟ ਸ਼ੁਰੂ ਕੀਤਾ ਜਾਣਾ ਹੈ ਉਸ ਤੋਂ ਪਹਿਲਾ ਮਿਤੀ 31 ਦਸੰਬਰ ਤੱਕ ਹੇਠ ਲਿਖੇ ਅਨੁਸਾਰ ਲੋੜੀਂਦੀ ਪ੍ਰੋਸੈਸਿੰਗ ਫੀਸ/ਲੇਟ ਫੀਸ **(Non-Refundable/Non-Adjustable) ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ((A/C 65257458501, IFSC- SBIN0050009)** ਦੇ ਨਾਮ **RTGS ਰਾਹੀਂ** ਅਤੇ ਲੋੜੀਂਦੇ ਸਾਰੇ ਦਸਤਾਵੇਜ਼ ਇਸ ਪੱਤਰ ਨਾਲ ਜਮਾਂ ਕਰਵਾਉਣੇ ਲਾਜ਼ਮੀ ਹੋਣਗੇ। ਮਿਤੀ 31 ਦਸੰਬਰ ਤੋਂ ਬਾਅਦ ਪ੍ਰਾਪਤ ਹੋਈ ਬੇਨਤੀ ਨੂੰ ਪ੍ਰੋਸੈਸਿੰਗ ਫੀਸ ਤੋਂ ਇਲਾਵਾ ਬਣਦੀ ਲੇਟ ਫੀਸ ਸਮੇਤ ਵਿਚਾਰਿਆ ਜਾਵੇਗਾ। ਅਧੂਰੀ ਪ੍ਰਾਪਤ ਹੋਈ ਜਾਂ ਮਿਤੀ 31 ਮਾਰਚ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਬੇਨਤੀ ਨੂੰ ਕਿਸੇ ਸੂਰਤ ਵਿੱਚ ਨਹੀਂ ਵਿਚਾਰਿਆ ਜਾਵੇਗਾ:

| **ਲੜੀ ਨੰ:** | **ਕੋਰਸ** | **ਪ੍ਰੋਸੈਸਿੰਗ ਫੀਸ** | **ਲੇਟ ਫੀਸ (ਆਖਰੀ ਮਿਤੀ 31 ਮਾਰਚ ਤੱਕ)** |
|---|---|---|---|
| 1. | **ਬੀ.ਏ ਪੱਧਰ ਤੇ ਇਕ ਵਿਸ਼ਾ ਸ਼ੁਰੂ ਕਰਨ ਲਈ** | 10,000/- ਰੁ: + 18% GST | 20,000/- ਰੁ: + 18% GST |
| 2. | **ਇਕ ਕੋਰਸ ਜਾਂ ਇੱਕ ਵਾਧੂ ਯੂਨਿਟ ਸ਼ੁਰੂ ਕਰਨ ਲਈ** | 20,000/- ਰੁ: + 18% GST | 20,000/- ਰੁ: + 18% GST |
| 3. | **ਇੱਕ ਤੋਂ ਵੱਧ ਵਿਸ਼ੇ/ਕੋਰਸ/ਵਾਧੂ ਯੂਨਿਟ ਸ਼ੁਰੂ ਕਰਨ ਲਈ** | 20,000/- ਰੁ: + 18% GST | 50,000/- ਰੁ: + 18% GST |

ii) ਜੇਕਰ ਕਾਲਜ ਵਿਖੇ ਪਹਿਲੀਆਂ ਕੋਈ ਸ਼ਰਤਾਂ ਲਗਾਈਆਂ ਗਈਆਂ ਹਨ ਤਾਂ ਇਨ੍ਹਾਂ ਦੀ ਪੂਰਤੀ ਸਬੰਧੀ ਵੇਰਵੇ ਸਹਿਤ ਰਿਪੋਰਟ/ਦਸਤਾਵੇਜ਼ ਇਸ ਪੱਤਰ ਨਾਲ ਭੇਜੇ ਜਾਣ।

iii) ਸਰਕਾਰੀ ਕਾਲਜਾਂ ਦੇ ਕੇਸ ਵਿੱਚ ਡੀ.ਪੀ.ਆਈ (ਕਾਲਜਾਂ), ਪੰਜਾਬ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੋਵੇਗੀ।

iv) ਗੈਰ ਸਰਕਾਰੀ ਕਾਲਜਾਂ ਦੇ ਕੇਸਾਂ ਵਿੱਚ ਬੇਨਤੀ ਪੱਤਰ (ਨਵਾਂ ਕੋਰਸ/ਵਿਸ਼ਾਂ ਸ਼ੁਰੂ ਕਰਨ ਸਬੰਧੀ ਕਾਲਜ ਦੀ ਮੈਨੇਜਮੈਂਟ ਦੇ ਚੇਅਰਮੈਨ/ਪ੍ਰਧਾਨ/ਸਕੱਤਰ ਵੱਲੋਂ ਪਾਸ ਕੀਤੇ ਗਏ ਮਤੇ ਦੀ ਕਾਪੀ ਜਿਸ ਤੇ ਸਮੂਹ ਮੈਂਬਰਾਂ ਦੇ ਦਸਤਖਤ ਹੋਣ ਸਮੇਤ) ਕਾਲਜ ਦੀ ਮੈਨੇਜਮੈਂਟ ਦੇ ਚੇਅਰਮੈਨ/ਪ੍ਰਧਾਨ/ਸਕੱਤਰ ਵੱਲੋਂ ਆਉਣਾ ਜ਼ਰੂਰੀ ਹੈ।

v) ਸੈਂਟਰਲ ਏਜੰਸੀ (ਏ.ਆਈ.ਸੀ.ਟੀ.ਈ, ਐਨ.ਸੀ.ਟੀ.ਈ, ਬਾਰ ਕਾਊਂਸਲ ਆਫ ਇੰਡੀਆ) ਅਧੀਨ ਆਉਂਦੇ ਕੋਰਸਾਂ ਲਈ ਪੰਜਾਬ ਸਰਕਾਰ ਤੋਂ ਲੋੜੀਂਦਾ ਐਨ.ਓ.ਸੀ ਅਤੇ ਸੈਂਟਰਲ ਏਜੰਸੀ ਦੀ ਲੋੜੀਂਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।

vi) ਨਵੇਂ ਮੰਗੇ ਗਏ ਵਿਸ਼ਿਆਂ/ਕੋਰਸਾਂ/ਵਾਧੂ ਸੀਟਾਂ ਲਈ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਪ੍ਰਵਾਨਗੀ ਪੱਤਰ ਜਾਰੀ ਕਰਨ ਤੋਂ ਪਹਿਲਾਂ ਯੂਨੀਵਰਸਿਟੀ ਸਿਲੈਕਸ਼ਨ ਕਮੇਟੀ ਰਾਹੀਂ ਕਰਕੇ ਲੋੜੀਂਦੇ ਦਸਤਾਵੇਜ਼ (ਸਿਲੈਕਸ਼ਨ ਕਮੇਟੀ ਦੀ ਕਾਰਵਾਈ, ਨਿਯੁਕਤੀ ਪੱਤਰ, ਜੁਆਇਨਿੰਗ ਰਿਪੋਰਟ) ਦਫਤਰ ਵਿਖੇ ਜਮਾਂ ਕਰਵਾਉਣੇ ਲਾਜ਼ਮੀ ਹੋਣਗੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਵੇਂ ਵਿਸ਼ਿਆਂ/ਕੋਰਸਾਂ/ਵਾਧੂ ਸੀਟਾਂ ਦੀ ਪ੍ਰਵਾਨਗੀ ਦੇਣ ਸਬੰਧੀ ਨਹੀਂ ਵਿਚਾਰਿਆ ਜਾਵੇਗਾ।

vii) ਪਹਿਲੀਆਂ ਲਗਾਈਆਂ ਸਰਤਾਂ ਦੀ ਤਸੱਲੀਬਖਸ਼ ਪੂਰਤੀ, ਨਵੇਂ ਮੰਗੇ ਗਏ ਕੋਰਸਾਂ ਲਈ ਮੁਆਇਨਾ ਕਮੇਟੀ ਦੀਆਂ ਤਸੱਲੀਬਖਸ਼ ਸਿਫਾਰਸ਼ਾਂ, ਕਾਲਜ ਵਿਖੇ ਪਹਿਲਾਂ ਤੋਂ ਚੱਲ ਰਹੇ ਕੋਰਸਾਂ ਤੋਂ ਇਲਾਵਾ ਨਵੇਂ ਮੰਗੇ ਗਏ ਕੋਰਸਾਂ ਲਈ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਯੂਨੀਵਰਸਿਟੀ ਸਿਲੈਕਸ਼ਨ ਕਮੇਟੀ ਰਾਹੀਂ ਕਰਕੇ ਲੋੜੀਂਦੇ ਦਸਤਾਵੇਜ਼ਾਂ (ਸਿਲੈਕਸ਼ਨ ਕਮੇਟੀ ਦੀ ਕਾਰਵਾਈ, ਨਿਯੁਕਤੀ ਪੱਤਰ, ਜੁਆਇਨਿੰਗ ਰਿਪੋਰਟ) ਤੋਂ ਇਲਾਵਾ ਨਵੇਂ ਕੋਰਸਾਂ ਦੀ ਸਬੰਧਤਾ ਫੀਸ **RTGS ਰਾਹੀਂ** ਦਫਤਰ ਵਿਖੇ ਜਮਾਂ ਕਰਵਾਉਣ ਉਪਰੰਤ ਹੀ ਯੂਨੀਵਰਸਿਟੀ ਨਿਯਮਾਂ ਅਨੁਸਾਰ ਨਵੇਂ ਕੋਰਸਾਂ ਦੀ ਪ੍ਰਵਾਨਗੀ ਦੇਣ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

viii) ਜੇਕਰ ਯੂਨੀਵਰਸਿਟੀ ਵੱਲੋਂ ਕਾਲਜ ਨੂੰ ਕਿਸੇ ਵੀ ਕਾਰਨ ਨਵੇਂ ਮੰਗੇ ਗਏ ਕੋਰਸਾਂ ਦੀ ਪ੍ਰਵਾਨਗੀ ਦੇਣ ਸਬੰਧੀ ਨਹੀਂ ਵਿਚਾਰਿਆ ਜਾਂਦਾ ਜਾਂ ਕਾਲਜ ਵੱਲੋਂ ਆਪਣੇ ਪੱਧਰ ਤੇ ਨਵੇਂ ਮੰਗੇ ਗਏ ਕੋਰਸ ਸੁਰੂ ਕਰਨ ਤੋਂ ਮਨਾਂ ਕਰ ਦਿੱਤਾ ਜਾਂਦਾ ਹੈ ਤਾਂ ਕਾਲਜ ਵੱਲੋਂ ਪ੍ਰੋਸੈਸਿੰਗ ਫੀਸ/ਲੇਟ ਫੀਸ ਵੱਜੋਂ ਜਮਾਂ ਕਰਵਾਈ ਗਈ ਰਕਮ ਕਿਸੇ ਵੀ ਹਾਲਤ ਵਿੱਚ ਰੀਫੰਡਏਬਲ/ਐਡਜਸਟੇਬਲ ਨਹੀਂ ਹੋਵੇਗੀ ਅਤੇ ਭਵਿੱਖ ਵਿੱਚ ਕੋਈ ਵੀ ਨਵਾਂ ਵਿਸਾ/ਕੋਰਸ/ਵਾਧੂ ਯੂਨਿਟ ਸੁਰੂ ਕਰਨ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਨਵੇਂ ਸਿਰੇ ਤੋਂ ਅਪਲਾਈ ਕਰਨਾ ਲਾਜ਼ਮੀ ਹੋਵੇਗਾ।

ix) **ਯੂਨੀਵਰਸਿਟੀ ਤੋਂ ਪ੍ਰਵਾਨਗੀ ਪੱਤਰ ਪ੍ਰਾਪਤ ਕੀਤੇ ਬਿਨਾਂ ਨਵੇਂ ਮੰਗੇ ਗਏ ਵਿਸ਼ਿਆਂ/ਕੋਰਸਾਂ/ਵਾਧੂ ਸੀਟਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਨਾ ਕੀਤੇ ਜਾਣ। ਜੇਕਰ ਕਾਲਜ ਵੱਲੋਂ ਯੂਨੀਵਰਸਿਟੀ ਦੀ ਬਿਨਾਂ ਪ੍ਰਵਾਨਗੀ ਪ੍ਰਾਪਤ ਕੀਤੇ ਮੰਗੇ ਗਏ ਨਵੇਂ ਵਿਸ਼ਿਆਂ/ਕੋਰਸਾਂ/ਵਾਧੂ ਸੀਟਾਂ ਵਿੱਚ ਆਪਣੇ ਪੱਧਰ ਤੇ ਵਿਦਿਆਰਥੀਆਂ ਦੇ ਦਾਖਲੇ ਕੀਤੇ ਜਾਂਦੇ ਹਨ ਅਤੇ ਇਸ ਸਬੰਧੀ ਭਵਿੱਖ ਵਿੱਚ ਕਿਸੇ ਤਰ੍ਹਾਂ ਦੀ ਕੋਈ ਵੀ ਕਾਨੂੰਨੀ ਅੜਚਨ ਆਉਂਦੀ ਹੈ ਤਾਂ ਇਸ ਸਬੰਧੀ ਸਾਰੀ ਜਿੰਮੇਵਾਰੀ ਕਾਲਜ ਮੈਨੇਜਮੈਂਟ ਦੀ ਆਪਣੀ ਹੋਵੇਗੀ।**

x) **ਇਹ ਸਪੱਸ਼ਟ ਹੈ ਕਿ ਕਾਲਜ ਵੱਲੋਂ RTGS ਰਾਹੀਂ ਲੋੜੀਂਦੀ ਫੀਸ, ਪ੍ਰਿੰਸੀਪਲ ਅਤੇ ਲੋੜੀਂਦੇ ਟੀਚਿੰਗ ਸਟਾਫ ਸਬੰਧੀ ਲੋੜੀਂਦੀ ਸਾਰੀ ਜਾਣਕਾਰੀ/ਦਸਤਾਵੇਜ਼ ਇਸ ਪੱਤਰ ਦੇ ਨਾਲ ਜਮਾਂ ਨਾ ਕਰਵਾਉਣ ਦੀ ਸੂਰਤ ਵਿੱਚ ਨਵੇਂ ਕੋਰਸਾਂ ਦੀ ਪ੍ਰਵਾਨਗੀ ਦੇਣ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।**

ਮਿਤੀ : ....................

ਪ੍ਰਧਾਨ/ਚੇਅਰਮੈਨ
(ਸਟੈਂਪ ਸਮੇਤ)